


**ISSN Print:** 2394-7500
**ISSN Online:** 2394-5869
**Impact Factor:** 8.4
IJAR 2021; 7(7): 252-255
www.allresearchjournal.com
Received: 20-04-2021
Accepted: 08-06-2021

**ਡਾ. ਸਤਪ੍ਰੀਤ ਸਿੰਘ ਜੱਸਲ**
ਸਹਾਇਕ ਪ੍ਰੋਫੈਸਰ (ਪੰਜਾਬੀ),
ਗੁਰੂ ਨਾਨਕ ਦੇਵ ਯੂਨੀਵਰਸਿਟੀ
ਖੇਤਰੀ ਕੈਂਪਸ, ਜਲੰਧਰ, ਪੰਜਾਬੀ,
ਭਾਰਤ

**Corresponding Author:**
**ਡਾ. ਸਤਪ੍ਰੀਤ ਸਿੰਘ ਜੱਸਲ**
ਸਹਾਇਕ ਪ੍ਰੋਫੈਸਰ (ਪੰਜਾਬੀ),
ਗੁਰੂ ਨਾਨਕ ਦੇਵ ਯੂਨੀਵਰਸਿਟੀ
ਖੇਤਰੀ ਕੈਂਪਸ, ਜਲੰਧਰ, ਪੰਜਾਬੀ,
ਭਾਰਤ

# ਰੁੱਖ ਤੇ ਜੰਗਲ: ਬਹੁ-ਪਰਤੀ ਮੁਲਾਂਕਣ

**ਡਾ. ਸਤਪ੍ਰੀਤ ਸਿੰਘ ਜੱਸਲ**

ਚਰਨ ਸਿੰਘ ਰਚਿਤ 'ਰੁੱਖ ਤੇ ਜੰਗਲ' ਕਾਵਿ ਸੰਗ੍ਰਹਿ ਵਿਚ ਕੁੱਲ 43 ਕਵਿਤਾਵਾਂ ਹਨ।ਜਿਨ੍ਹਾਂ ਵਿਚ ਕਵੀ ਨੇ ਵੱਖ-ਵੱਖ ਮੁੱਦਿਆਂ ਨੂੰ ਚਿੰਤਨ ਦੇ ਘੇਰੇ ਵਿਚ ਲਿਆਂਦਾ ਹੈ। ਚਰਨ ਸਿੰਘ ਨਿਰੰਤਰ ਕਾਵਿ-ਸਿਰਜਣਾ ਵਿਚ ਲੀਨ ਆਧੁਨਿਕ ਭਾਵ-ਬੋਧ ਦਾ ਕਵੀ ਹੈ।ਜਿਸ ਨੇ ਕਵਿਤਾ ਵਿਚ ਮੁਹੱਬਤ ਦੀ ਪੇਸ਼ਕਾਰੀ, ਪ੍ਰਕਿਰਤੀ ਚਿਤਰਨ, ਆਦਰਸ਼ ਮਨੁੱਖ ਦੀ ਭਾਲ, ਸਿਮਰਤੀਆਂ ਦੀ ਪੇਸ਼ਕਾਰੀ ਤੇ ਆਪਣੀ ਭੂਮੀ ਦੇ ਪਿਆਰ ਆਦਿ ਮੁੱਦਿਆਂ ਨੂੰ ਬਹੁਤ ਸੰਜੀਦਗੀ ਨਾਲ ਆਪਣੀ ਕਾਵਿ-ਪ੍ਰਤਿਭਾ ਅਧੀਨ ਪੇਸ਼ ਕੀਤਾ ਹੈ।

'ਰੁੱਖ ਤੇ ਜੰਗਲ' ਵਿਚ ਪ੍ਰਮੁੱਖ ਰੂਪ ਵਿਚ 'ਮੁਹੱਬਤ' ਨੂੰ ਵਿਚਾਰਿਆ ਹੈ।ਹਰੇਕ ਕਵੀ ਕਿਸੇ ਨਾ ਕਿਸੇ ਪਿਆਰ ਦੇ ਵੱਸ ਹੀ ਕਵਿਤਾ ਪ੍ਰਤਿ ਪ੍ਰੇਰਿਤ ਹੁੰਦਾ ਹੈ।ਪ੍ਰੰਤੂ ਚਰਨ ਸਿੰਘ ਦਾ ਪਿਆਰ ਉਹ ਜਜ਼ਬਾ ਹੈ ਜੋ ਮਨੁੱਖ 'ਚੋਂ ਕਿਰਨਾਂ ਵਾਂਗ ਫੁੱਟਦਾ ਹੈ, ਸਮੁੰਦਰ 'ਚ ਜਲ ਦੀ ਸਵੱਛਤਾ ਵਾਂਗ ਤੈਰਦਾ ਹੈ।ਪਿਆਰ ਦੀ ਭਾਵਨਾ ਚਰਨ ਸਿੰਘ ਦੀ ਆਤਮਾ ਦਾ ਅਨਿੱਖੜ ਅੰਗ ਮਹਿਸੂਸ ਹੁੰਦੀ ਹੈ।ਉਸ ਅਨੁਸਾਰ ਪਿਆਰ ਮਨੁੱਖ ਦੀ ਪਹਿਚਾਣ ਹੈ।ਪਿਆਰ ਉਹ ਮਾਂ ਹੈ ਜੋ ਸੰਸਾਰਕ ਰਿਸ਼ਤਿਆਂ ਨੂੰ ਜਨਮਦੀ ਹੈ।ਪਿਆਰ ਨੂੰ 'ਚਰਖੀ ਦੀ ਘੂਕਰ', 'ਮਿੱਟੀ ਦਾ ਮੋਹ' ਪਿਆਰ ਕਵਿਤਾ ਵਿਚ ਵੇਖਿਆ ਜਾ ਸਕਦਾ ਹੈ:-

*ਪਿਆਰ ਮਨੁੱਖ ਦੀ ਪਹਿਚਾਣ ਹੈ,*
*ਜੀਵਨ ਗਤੀ ਦਾ ਮੂਲ ਹੈ,*
*ਜੀਵਨ ਰੁੱਖ ਦੀ ਹਰਿਆਵਲ ਹੈ,*
*ਪਿਆਰ ਜੀਵਨ ਰੁੱਖ ਦੀਆਂ ਜੜ੍ਹਾਂ ਦੁਆਲੇ,*
*ਵਗਦਾ ਦਰਿਆ ਹੈ। (ਪੰਨਾ-78)*

'ਪ੍ਰਕਿਰਤੀ' ਮਨੁੱਖੀ ਜੀਵਨ ਦਾ ਇੱਕ ਅਟੁੱਟ ਅੰਗ ਹੈ।ਜਿਸ ਕਾਰਨ ਮਨੁੱਖੀ ਜੀਵਨ ਦੀ ਹੋਂਦ ਅਤੇ ਅਰਥ ਹਨ।ਭਾਈ ਵੀਰ ਸਿੰਘ ਸਮੇਂ ਦੇ ਕਵੀਆਂ ਤੋਂ ਲੈ ਕੇ ਅਨੇਕਾਂ ਕਵੀਆਂ ਨੇ ਪ੍ਰਕਿਰਤੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਪੇਸ਼ ਕੀਤਾ ਹੈ।ਚਰਨ ਸਿੰਘ ਨੂੰ ਪ੍ਰਕਿਰਤੀ ਜੀਵਨ ਦੀ ਲੋਚਾ ਹੈ।ਉਸਦਾ ਦਿਲ ਵੀ ਕਿਸੇ ਅਦਿੱਖ ਸ਼ਕਤੀ ਵੱਲ ਖਿੱਚਿਆ ਜਾਂਦਾ ਹੈ।ਚਰਨ ਸਿੰਘ ਦੀਆਂ ਕਵਿਤਾਵਾਂ 'ਰੁੱਖ ਤੇ ਜੰਗਲ', 'ਜਿੰਦਗੀ ਦੇ ਚਿਹਰੇ', 'ਸੋਚ', ਕੈਨਵਸ ਤੇ ਰੰਗ', 'ਚਿਹਰੇ ਤੇ ਉੱਗਿਆ ਜੰਗਲ' ਤੇ 'ਜਿੰਦਗੀ ਤੇ ਮੈਂ' ਵਿਚੋਂ ਪ੍ਰਕਿਰਤੀ ਚਿਤਰਨ ਨੂੰ ਦੇਖਿਆ ਜਾ ਸਕਦਾ ਹੈ:-

*ਬਾਗ, ਟਾਹਲੀਆਂ, ਦਰੇਕਾਂ, ਤੂਤ, ਅੰਬ,*
*ਜਾਮਣ, ਬੇਰੀਆਂ ਤੇ ਬਰਨਿਆਂ ਦੇ,*
*ਰੁੱਖ ਬੀਜਣ ਲਈ।(ਪੰਨਾ-90)*

ਚਰਨ ਸਿੰਘ ਦੀਆਂ ਕਵਿਤਾਵਾਂ ਵਿਚ 'ਆਦਰਸ਼ ਮਨੁੱਖ ਦੀ ਭਾਲ' ਨੂੰ ਵੀ ਵਿਚਾਰਿਆ ਗਿਆ ਹੈ, ਜੋ ਕਿ ਮਾਨਵੀ ਜ਼ਿੰਦਗੀ ਦਾ ਮੂਲ ਸੰਕਲਪ ਹੈ।

ਅਜੋਕਾ ਮਨੁੱਖ ਜੋ ਆਪੇ ਦੀ ਭਾਲ ਨਹੀਂ ਕਰਦਾ ਸਗੋਂ ਸੰਸਾਰਕ ਕੰਮਾਂ ਵਿਚ ਰੁੱਝਿਆ ਹੋਇਆ ਹੈ। 'ਰੁੱਖ ਤੇ ਜੰਗਲ' ਕਾਵਿ ਸੰਗ੍ਰਹਿ ਵਿਚਲੀਆਂ 'ਜ਼ਿੰਦਗੀ ਤੇ ਮੌਤ', 'ਤਰਲ ਅੰਗਾਂ ਦਾ ਸੰਸਾਰ', 'ਜ਼ਿੰਦਗੀ', 'ਜ਼ਿੰਦਗੀ ਤੇ ਮੈਂ', ਤੇ 'ਜ਼ਿੰਦਗੀ ਤੇ ਚਿਹਰੇ' ਆਦਿ ਕਵਿਤਾਵਾਂ ਨੂੰ ਇਸ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ:-

*ਜ਼ਿੰਦਗੀ ਮੌਤ ਤੋਂ ਪਹਿਲਾਂ ਵੀ ਹੈ ਮਗਰੋਂ ਵੀ ਹੈ,*
*ਮੌਤ ਤੋਂ ਪਹਿਲਾਂ ਜ਼ਿੰਦਗੀ ਮਨੁੱਖਾਂ ਦੇਹ 'ਚ ਹੈ,*
*ਮੌਤ ਪਿੱਛੋਂ ਜ਼ਿੰਦਗੀ ਆਤਮਾ ਦੇ ਸੱਚ 'ਚ ਹੈ,*
*ਆਦਮੀ ਇੱਕ ਵਾਰ ਜਨਮਦਾ ਹੈ,*
*ਤਾਂ ਕਦੇ ਨਹੀਂ ਮਰਦਾ। (ਪੰਨਾ-49)*

ਚਰਨ ਸਿੰਘ ਦੇ ਕਾਵਿ-ਸੰਗ੍ਰਹਿ ਵਿਚ ਅਨੇਕਾਂ ਕਵਿਤਾਵਾਂ ਹਨ। ਜਿਨ੍ਹਾਂ ਵਿਚ ਉਸ ਨੇ 'ਆਪੇ' ਨੂੰ ਜਗਾਉਣ ਦੀ ਗੱਲ ਕੀਤੀ ਹੈ। ਜਿਸ ਵਿਚ ਉਸ ਨੇ ਵਾਰ-ਵਾਰ ਮੌਤ ਅਤੇ ਮੌਤ ਤੋਂ ਬਾਅਦ ਦੀ ਜ਼ਿੰਦਗੀ ਨੂੰ ਪੇਸ਼ ਕੀਤਾ ਹੈ। ਉਸ ਅਨੁਸਾਰ ਵਿਅਕਤੀ ਨੂੰ ਕਰਮ ਕਰਨੇ ਚਾਹੀਦੇ ਹਨ। ਫ਼ਲ ਦੀ ਇੱਛਾ ਨਹੀਂ ਰੱਖਣੀ ਚਾਹੀਦੀ। 'ਜ਼ਿੰਦਗੀ ਤੇ ਮੌਤ', 'ਤਰਲ ਅੰਗਾਂ ਦਾ ਸੰਸਾਰ', 'ਜ਼ਿੰਦਗੀ', 'ਮੈਂ ਤੇ ਮੇਰੀ ਸਿਰਜਣਾ', 'ਯੁੱਧ', 'ਬੰਦ ਤਾਲਾ', ਤੇ 'ਸ਼ਬਦ ਦਾ ਸੰਕਲਪ' ਨੂੰ ਇਸ ਪ੍ਰਸੰਗ ਵਿਚ ਦੇਖਿਆ ਜਾ ਸਕਦਾ ਹੈ, ਜਿਵੇਂ:-

*ਇਹ ਸ਼ਬਦ ਨਾਨਕ ਨੇ ਗਾਇਆ,*
*ਸ਼ਬਦ ਨੂੰ ਹਿਰਦੇ 'ਚ ਵਸਾਇਆ,*
*ਉਸ ਨੂਰ ਨੂੰ ਤੱਕਿਆ,*
*ਜਿਸ ਨੂਰ ਨੇ,*
*ਇਹ ਬ੍ਰਹਿਮੰਡ ਉਸਾਰਿਆ,*
*ਉਸ ਨੂਰ ਦਾ ਚਾਨਣ,*
*ਨਾਨਕ ਦੇ ਚੱਪੇ-ਚੱਪੇ 'ਤੇ ਖਿਲਾਰਿਆ। (ਪੰਨਾ-41)*

ਕਵੀ ਨੇ ਆਪਣੇ ਵਤਨ ਦੀ ਮਿੱਟੀ ਪ੍ਰਤਿ ਮੋਹ ਨੂੰ ਵੀ ਆਪਣੀਆਂ ਕਵਿਤਾਵਾਂ ਵਿਚ 'ਬੇਗਾਨਗੀ ਤੇ ਮਿੱਟੀ ਦੇ ਮੋਹ' ਨੂੰ ਪੇਸ਼ ਕੀਤਾ ਹੈ। ਉਸ ਨੇ ਬੇਗਾਨਗੀ ਦਾ ਅਹਿਸਾਸ ਕਵਿਤਾ ਰਾਹੀਂ ਵਿਅਕਤ ਕੀਤਾ ਹੈ। ਉਹ ਕਹਿੰਦਾ ਹੈ ਕਿ ਮੈਂ ਭਾਵੇਂ ਪ੍ਰਦੇਸ ਵਿਚ ਰਹਿੰਦਾ ਹਾਂ ਪਰ ਆਪਣੇ ਵਤਨ ਦੀ ਮਿੱਟੀ, ਪਾਣੀ, ਹਵਾ ਆਦਿ ਵਿਚ ਹੀ ਜਿਉਂਦਾ ਹਾਂ। 'ਮਿੱਟੀ ਦਾ ਮੋਹ', 'ਖੰਭਾਂ ਦਾ ਸਫ਼ਰ', 'ਸਫ਼ਰ', 'ਬੀਤੇ ਦੀ ਮਿੱਟੀ' ਤੇ 'ਮੈਂ ਤੇ ਮੇਰੀ ਮਿੱਟੀ' ਆਦਿ ਕਵਿਤਾ ਵਿਚ ਉਸ ਦੇ ਵਿਚਾਰਾਂ ਨੂੰ ਜਾਣਿਆ ਜਾ ਸਕਦਾ ਹੈ। ਜਿਵੇਂ:-

*ਅਸੀਂ ਉਹ ਪੰਛੀ ਹਾਂ,*
*ਜੋ ਆਪਣੇ ਆਲ੍ਹਣੇ ਤਿਆਗ,*
*ਪਰਦੇਸਾਂ 'ਚ ਆ ਵਸੇ,*
*ਲਹੂ ਮਾਸ ਦੇ ਰਿਸ਼ਤੇ ਤਿਆਗ,*
*ਆਪਣੀ ਹੀ ਉਸਾਰੀ ਕੈਦ 'ਚ ਆ ਵਸੇ। (ਪੰਨਾ-45)*

ਕਵੀ ਨੇ 'ਰੁੱਖ ਤੇ ਜੰਗਲ' ਕਾਵਿ-ਸੰਗ੍ਰਹਿ ਵਿਚ ਆਪਣੀਆਂ ਯਾਦਾਂ ਨੂੰ ਵੀ ਪੇਸ਼ ਕੀਤਾ ਹੈ। ਜਿਸ ਵਿਚ ਉਸ ਨੇ ਆਪਣੇ ਬਚਪਨ ਦੀਆਂ ਯਾਦਾਂ, ਜਵਾਨੀ ਦੀਆਂ ਯਾਦਾਂ, ਮੌਸਮ ਵਿਚ ਪਰਿਵਰਤਨ ਦੀਆਂ ਯਾਦਾਂ ਤੇ ਆਪਣੇ ਜੋ ਵੱਡੇ ਕਬਰਾਂ ਵਿਚ ਚਲੇ ਗਏ ਹਨ ਦੀਆਂ ਯਾਦਾਂ ਨੂੰ ਪੇਸ਼ ਕੀਤਾ ਹੈ। ਕਵੀ ਅਨੁਸਾਰ ਯਾਦਾਂ ਮਨੁੱਖ ਦੇ ਜੀਵਨ ਗਤੀ ਦਾ ਸਾਹ ਹਨ। ਖ਼ੁਸ਼ੀ ਤੱਕ ਪਹੁੰਚਣ ਲਈ ਵਧੀਆ ਰਾਹ ਹਨ। ਕਵੀ ਨੇ 'ਮੈਂ, ਪਿੰਡ ਤੇ ਯਾਦਾਂ' ਵਿਚ ਆਪਣੀਆਂ ਵਤਨੀ ਯਾਦਾਂ ਨੂੰ ਪੇਸ਼ ਕੀਤਾ ਹੈ। ਜਿਵੇਂ:-

*ਮਨੁੱਖ ਯਾਦਾਂ ਦਾ ਹਜ਼ੂਮ ਹੈ,*
*ਯਾਦਾਂ ਮਨੁੱਖ ਦੀ ਦੇਹ 'ਚ,*
*ਸਮੁੰਦਰ ਵਾਂਗ ਫੈਲੀਆਂ ਹਨ,*
*ਜੰਗਲ ਵਾਂਗ ਪਸਰੀਆਂ ਹਨ। (ਪੰਨਾ-72)*

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਚਰਨ ਸਿੰਘ ਆਧੁਨਿਕ ਪੰਜਾਬੀ ਕਾਵਿ ਜਗਤ ਦਾ ਅਜਿਹਾ ਸਥਾਪਿਤ ਹਸਤਾਖ਼ਰ ਹੈ। ਜਿਸਨੇ ਕਵਿਤਾ ਨੂੰ ਵਿਸ਼ੇ ਪੱਖ ਤੋਂ ਹੀ ਨਹੀਂ ਸਗੋਂ ਰੂਪ ਦੇ ਪੱਖੋਂ ਵੀ ਨਵੀਨ ਅਰਥ ਪ੍ਰਦਾਨ ਕਰਨ ਦਾ ਸ਼ਲਾਘਾਯੋਗ ਯਤਨ ਕੀਤਾ ਹੈ। ਉਸ ਨੇ ਆਪਣੀ ਕਵਿਤਾ ਦਾ ਵਿਸ਼ਾ ਪ੍ਰਕਿਰਤੀ, ਆਦਰਸ਼ ਮਨੁੱਖ ਦੀ ਭਾਲ, ਮੁਹੱਬਤ ਦੀ ਪੇਸ਼ਕਾਰੀ, ਭੂ ਹੇਰਵਾ ਆਦਿ ਬਣਾਇਆ ਹੈ। ਸੋ ਕਿਹਾ ਜਾ ਸਕਦਾ ਹੈ ਕਿ ਚਰਨ ਸਿੰਘ ਨਿਰੰਤਰ ਕਾਵਿ ਸਿਰਜਣਾ ਵਿਚ ਲੀਨ ਆਧੁਨਿਕ ਭਾਵ-ਬੋਧ ਦਾ ਕਵੀ ਹੈ।

ਜਦੋਂ 'ਰੁੱਖ ਤੇ ਜੰਗਲ' ਕਾਵਿ ਸੰਗ੍ਰਹਿ ਦਾ ਰੂਪਕ ਪੱਖ ਵੇਖਦੇ ਹਾਂ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਹਰੇਕ ਕਵੀ ਆਪਣੇ ਦਿਲੀ ਭਾਵਾਂ ਤੇ ਵਿਚਾਰਾਂ ਨੂੰ ਸ਼ਬਦੀ ਜਾਮਾ ਪਹਿਨਾਉਨ ਲਈ ਕਿਸੇ ਨਾ ਕਿਸੇ ਭਾਸ਼ਾ ਦੀ ਚੋਣ ਕਰਦਾ ਹੈ ਅਤੇ ਇਹ ਚੋਣ ਕਵੀ ਵਾਸਤੇ ਅਹਿਮ ਨੁਕਤਾ ਵੀ ਹੁੰਦੀ ਹੈ। ਭਾਸ਼ਾ ਪਾਠਕ ਵਰਗ ਦੇ ਮਾਨਸਿਕ ਪੱਧਰ ਅਨੁਸਾਰ ਯੋਗ ਹੋਣੀ ਚਾਹੀਦੀ ਹੈ। ਲੇਖਕ ਨੇ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਹੈ। ਜਿਸ ਵਿਚ ਆਮ ਬੋਲ-ਚਾਲ ਦੀ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜਿਵੇਂ:- ਜੰਗਲ, ਰੁੱਖ, ਸੂਤ, ਸੂਰਜ, ਰੁੱਤ, ਦੀਵਾ, ਲਹੂ, ਮੁਰਦਾ ਆਦਿ। ਇਸ ਤੋਂ ਬਿਨ੍ਹਾਂ ਪ੍ਰਕਿਰਤੀ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ ਹੈ। ਜਿਵੇਂ:- ਬਾਂਗ, ਟਾਹਣੀਆਂ, ਦਰੇਕਾਂ, ਤੂਤਾਂ, ਅੰਬ, ਜਾਮਣ, ਬੇਰੀਆਂ, ਰੁੱਖ, ਸੂਰਜ, ਚੰਨ, ਤਾਰੇ, ਪਹਾੜਾਂ, ਦਰਿਆਵਾਂ ਤੇ ਜੰਗਲਾਂ ਆਦਿ। ਇਸ ਤੋਂ ਬਿਨ੍ਹਾਂ ਉਸ ਨੇ ਆਪਣੀ ਕਵਿਤਾ ਵਿਚ ਉਰਦੂ, ਫ਼ਾਰਸੀ ਦੇ ਅਨੇਕਾਂ ਸ਼ਬਦ ਵਰਤੇ ਹਨ ਜੋ ਕਿ ਆਮ ਪਾਠਕ ਉਸ ਦੀਆਂ ਰਚਨਾਵਾਂ ਨੂੰ ਪੜ੍ਹਨ ਤੇ ਸਮਝਣ ਯੋਗ ਹਨ। ਅਰਬੀ ਤੇ ਫ਼ਾਰਸੀ ਦੇ ਕਈ ਸ਼ਬਦ ਜੋ ਕਵੀ ਨੇ ਵਰਤੇ ਹਨ। ਜਿਵੇਂ:- ਜ਼ਿੰਦਗੀ, ਖ਼ੁਦਾ, ਮੁਹੱਬਤ, ਵਫ਼ਾ, ਕਲਬੂਤ, ਮਸਤਕ, ਨੂਰ, ਹਜ਼ੂਮ, ਸਫ਼ਰਿਆ, ਤਰਫ਼, ਮਨਫ਼ੀ ਤੇ ਸਰਦਲ ਆਦਿ। ਸੋ ਭਾਸ਼ਾ ਦੀ ਦ੍ਰਿਸ਼ਟੀ ਤੋਂ ਚਰਨ ਸਿੰਘ ਨੇ ਅਰਬੀ, ਫ਼ਾਰਸੀ ਤੇ ਪ੍ਰਕਿਰਤੀ ਦੇ ਅਲਫ਼ਾਜਾਂ ਦੀ ਵਰਤੋਂ ਕੀਤੀ ਹੈ। ਪ੍ਰੰਤੂ ਫਿਰ ਵੀ ਇਹ ਸ਼ਬਦ ਆਮ ਪਾਠਕ ਦੀ ਸਮਝ ਗੋਚਰ ਹਨ।

ਭਾਰਤੀ ਕਾਵਿ ਸ਼ਾਸਤਰੀਆਂ ਨੇ ਰਸ ਨੂੰ ਕਵਿਤਾ ਦਾ ਮਹੱਤਵਪੂਰਨ ਤੱਤ ਮੰਨਿਆ ਹੈ। ਨੌਂ ਰਸ (ਸ਼ਿੰਗਾਰ ਰਸ, ਕਰੁਣਾ ਰਸ, ਰੌਦਰ ਰਸ, ਬੀਰ ਰਸ, ਭਿਆਨਕ ਰਸ, ਵੀਭਤਸ ਰਸ, ਅਦਭੁੱਤ ਰਸ ਤੇ ਸ਼ਾਂਤ ਰਸ) ਦੀ ਮਨੁੱਖੀ ਅਧਾਰ 'ਤੇ ਸਥਾਪਨਾ

ਕੀਤੀ ਹੈ।ਭਾਵ, ਮਨੁੱਖ ਦੀ ਦਸ਼ਾ, ਸਥਿਤੀ ਦਾ ਸੂਚਕ ਹੈ।ਅਧਿਐਨ ਅਧੀਨ ਚਰਨ ਸਿੰਘ ਦੇ ਕਾਵਿ ਸੰਗ੍ਰਹਿ 'ਰੁੱਖ ਤੇ ਜੰਗਲ' ਵਿਚ ਪ੍ਰਸਤੁਤ ਰਸਾਂ ਬਾਰੇ ਚਰਚਾ ਕਰਾਂਗੇ।

ਪਿਆਰ ਦੇ ਭਾਵਾਂ ਵਿਚੋਂ ਸ਼ਿੰਗਾਰ ਰਸ ਪੈਦਾ ਹੁੰਦਾ ਹੈ।ਚਰਨ ਸਿੰਘ ਨੇ 'ਰੁੱਖ ਤੇ ਜੰਗਲ' ਪੁਸਤਕ ਦੀਆਂ ਰਚਨਾਵਾਂ, 'ਚਰਖੀ ਦੀ ਘੂਕਰ', 'ਮੈਂ ਤੇ ਤੂੰ ਤੱਕ', 'ਰੁੱਖ ਤੇ ਜੰਗਲ', 'ਬੰਦ ਤਾਲਾ', 'ਤਰਲ ਅੰਗਾਂ ਦਾ ਸੰਸਾਰ', 'ਪਿਆਰ' ਆਦਿ ਵਿਚ ਇਹ ਰਸ ਵੇਖਣ ਨੂੰ ਮਿਲਦਾ ਹੈ।ਜਿਵੇਂ:-

*ਚਰਖੀ ਦੀ ਘੂਕਰ 'ਚੋਂ*
*ਇੱਕ ਲੋਕ ਰੰਗ ਦੀ ਅਵਾਜ਼,*
*ਰੋਜ਼ ਉੱਠਦੀ ਹੈ,*
*ਸ਼ਬਦਾਂ ਤੇ ਅਰਥਾਂ 'ਚੋਂ ਗੁਆਚ ਜਾਂਦੀ ਹੈ। (ਪੰਨਾ-5)*

ਜਾਂ

*ਪਿਆਰ ਉਹ ਜਜ਼ਬਾ ਹੈ,*
*ਜੋ ਮਨੁੱਖ 'ਚੋਂ ਕਿਰਨਾਂ ਵਾਂਗ ਫੁੱਟਦਾ ਹੈ।*
*ਸਮੰਦਰ 'ਚ ਜਲ ਦੀ ਸਵੱਛਤਾ ਵਾਂਗ ਤੈਰਦਾ ਹੈ,*
*ਅੰਬਰ 'ਚ ਗੂੰਜ ਵਾਂਗ ਜਿਉਂਦਾ ਹੈ,*
*ਅੱਗ 'ਚ ਰੌਸ਼ਨੀ ਬਣਦੇ ਵਿਚਰਦਾ ਹੈ,*
*ਜਲ 'ਚ ਜਲ ਦੀ ਸ਼ੀਤਲਤਾ ਸਿਰਜਦਾ ਹੈ।(ਪੰਨਾ-78)*

ਜਿਸ ਵਿਚ ਡਰ ਜਾਂ ਭੈਅ ਪੈਦਾ ਹੋਵੇ ਉਸ ਨੂੰ ਭਿਆਨਕ ਰਸ ਕਹਿੰਦੇ ਹਨ।'ਰੁੱਖ ਤੇ ਜੰਗਲ' ਕਾਵਿ ਸੰਗ੍ਰਹਿ ਵਿਚ 'ਜ਼ਿੰਦਗੀ ਤੇ ਮੌਤ' ਨਾਂ ਦੀ ਕਵਿਤਾ ਵਿਚ ਭਿਆਨਕ ਰਸ ਦਾ ਝਲਕਾਰਾ ਪੈਂਦਾ ਹੈ।ਜਿਵੇਂ:-

*ਮੌਤ ਦੀਵੇ ਥੱਲੇ ਦਾ ਹਨੇਰ ਹੈ,*
*ਮੌਤ ਦਾ ਦਿਨ, ਮੌਤ ਦੀ ਨਾ ਰਾਤ,*
*ਮੌਤ ਦੀ ਨਾ ਸ਼ਾਮ, ਨਾ ਕੋਈ ਸਵੇਰ ਹੈ। (ਪੰਨਾ-51)*

ਇਹ ਲਹੂ-ਮਾਸ ਨੈਤਿਕ ਪਤਨ ਆਦਿ ਨਫ਼ਰਤ ਦੀਆਂ ਵਸਤੂਆਂ ਦੇਖ ਕੇ ਜਾਂ ਸੁੰਘ ਕੇ ਵੀਭਤਸ ਰਸ ਦੀ ਉਤਪਤੀ ਹੁੰਦੀ ਹੈ।ਜਿਵੇਂ:-

*ਘੋੜਿਆਂ ਦੀਆਂ ਟਾਪਾਂ ਥੱਲੇ ਆ ਗਿਆ ਸੀ,*
*ਢਾਲਾਂ ਤੇ ਤਲਵਾਰਾਂ, ਲਾਸ਼ਾਂ ਦੇ ਢੇਰ,*
*ਚੀਕ ਚਿਹਾੜਾ। (ਪੰਨਾ-30)*

ਸ਼ਾਂਤ ਰਸ ਤੋਂ ਭਾਵ ਜਿਸ ਕਵਿਤਾ ਨੂੰ ਅਸੀਂ ਪੜ੍ਹਦੇ ਹਾਂ ਜਾਂ ਸੁਣਦੇ ਹਾਂ ਤਾਂ ਮਨ ਵਿਚ ਸ਼ਾਂਤੀ ਪੈਦਾ ਹੋਵੇ ਭਾਵ ਮਨ ਵਿਚ ਸਕੂਨ ਪੈਦਾ ਹੋਵੇ।ਜਿਵੇਂ:-

*ਇਹ ਸ਼ਬਦ,*
*ਕ੍ਰਿਸ਼ਨ, ਰਾਮ, ਬੁੱਧ ਨੇ ਗਾਇਆ,*
*ਆਪਣੇ ਅੰਦਰ ਅਭੇਦੇ ਦੀ ਜੋਤਿ ਨੂੰ ਪਾਇਆ,*
*ਜੋਤ ਜਿਉਂਦੇ ਜਿਉਂਦੇ ਜੋਤ ਹੋ ਗਏ,*
*ਪਰਮ ਸੱਤ ਨੂੰ ਪਾਇਆ। (ਪੰਨਾ-42)*

ਅਲੰਕਾਰ ਕਾਵਿ ਸੁੰਦਰਤਾ ਨੂੰ ਨਿਖਾਰਨ ਲਈ ਵਰਤੇ ਜਾਣ ਵਾਲੇ ਕਾਵਿਕ ਗਹਿਣਿਆਂ ਦਾ ਨਾਂ ਹੈ।ਅਸੀਂ 'ਰੁੱਖ ਤੇ ਜੰਗਲ' ਕਾਵਿ ਸੰਗ੍ਰਹਿ ਵਿਚ ਪ੍ਰਸਤੁੱਤ ਹੋਏ ਅਲੰਕਾਰਾਂ ਬਾਰੇ ਚਰਚਾ ਕਰਾਂਗੇ।

ਉਪਮਾ ਅਲੰਕਾਰ ਵਿਚ ਉਪਮੇਅ ਤੇ ਉਪਮਾਨ ਵਿਚ ਅੰਤਰ ਹੋਣ ਦੇ ਬਾਵਜੂਦ ਕਿਸੇ ਸਮਾਨ ਧਰਮ ਜਾਂ ਗੁਣ ਹੋਣ ਕਾਰਨ ਉਹਨਾਂ ਵਿਚ ਸਮਾਨਤਾ ਦਿਖਾਈ ਗਈ ਹੈ।ਚਰਨ ਸਿੰਘ ਦੀ ਕਵਿਤਾ 'ਦੌੜਦੇ ਕਦਮ' ਵਿਚ ਉਪਮਾ ਅਲੰਕਾਰ ਦੇਖ ਸਕਦੇ ਹਾਂ।

*ਲੰਬੀ ਵਾਟ ਜਿਉਂਦੇ ਅਨੁਭਵ,*
*ਫਿਰ ਦਿਸ਼ਾਵਾਂ ਗਾਹੀਆਂ,*
*ਲਹੂ ਦੇ ਰੰਗਾਂ 'ਚੋਂ,*
*ਕਿਰਨਾਂ ਜਿਹੀਆਂ ਰੁੱਤਾਂ ਪੁੰਗਰ ਆਈਆਂ। (ਪੰਨਾ-8)*

ਜਾਂ

*ਇਹ ਜੋ ਮੁਰਦਾ ਹੈ,*
*ਖਾਲਸ ਜੀਵਨ ਗਤੀ ਹੈ,*
*ਜੋ ਮਿੱਟੀ ਜੀਵਨ ਤਿਆਗ ਗਈ ਹੈ,*
*ਜਿਉਂਦੇ ਜੀਅ ਨਾ ਸਹੀ,*
*ਮਰਕੇ ਮਿੱਟੀ ਦਾ ਸੱਚ ਜਾਣ ਗਈ ਹੈ।(ਪੰਨਾ-9)*

ਜਦੋਂ ਕਵੀ ਕਿਸੇ ਅੱਖਰ, ਸੁਰ ਜਾਂ ਸ਼ਬਦ ਨੂੰ ਵਾਰ-ਵਾਰ ਇਉਂ ਪ੍ਰਯੋਗ ਕਰਦਾ ਹੈ, ਕਿ ਇਸ ਵਿਚ ਇੱਕ ਧੁਨੀ ਸੁਣਾਈ ਦਿੰਦੀ ਹੈ ਤਾਂ ਇਹ ਸਥਿਤੀ ਕਵਿਤਾ ਵਿਚ ਅਨੁਪ੍ਰਾਸ ਅਲੰਕਾਰ ਪੈਦਾ ਕਰਦੀ ਹੈ।ਜਿਵੇਂ:-

*ਤੁਪਕਾ ਤੁਪਕਾ ਸੂਰਜ,*
*ਮੁੜ੍ਹਕੋ ਮੁੜ੍ਹਕੀ ਪੌਣ। (ਪੰਨਾ-8)*

ਰੂਪਕ ਅਲੰਕਾਰ ਵਿਚ ਉਪਮੇਯ ਤੇ ਉਪਮਾਨ ਦੀ ਇੱਕ ਰੂਪਤਾ ਹੁੰਦੀ ਹੈ।ਇਸ ਸਥਿਤੀ ਨੂੰ ਰੂਪਕ ਅਲੰਕਾਰ ਆਖਿਆ ਜਾਂਦਾ ਹੈ।ਚਰਨ ਸਿੰਘ ਦੀ ਕਵਿਤਾ 'ਰੁੱਖ ਤੇ ਜੰਗਲ' ਵਿਚ ਦੇਖ ਸਕਦੇ ਹਾਂ।

*ਜਲ ਵਾਂਗ ਤੁਰਦਾ ਹੈ,*
*ਧਰਤ ਦੀ ਮਹਿਕ ਵਰਗਾ ਹੈ ਕੋਈ,*
*ਜੋ ਅੱਗ ਵਾਂਗ ਨਿੱਘਾ ਹੈ,*
*ਕੌਣ ਹੈ ਜੋ ਮੇਰਿਆਂ ਸਾਹਾਂ 'ਚ ਵਸਿਆ ਹੈ,*
*ਮੇਰੀ ਨਸ ਨਸ 'ਚ ਰਸਿਆ ਹੈ।(ਪੰਨਾ-19)*

ਚਰਨ ਸਿੰਘ ਦੀ ਕਵਿਤਾ ਵਿਚ ਦ੍ਰਿਸ਼ਟਾਂਤ ਅਲੰਕਾਰ ਵੀ ਦੇਖਣ ਨੂੰ ਮਿਲਦਾ ਹੈ।ਜਿਵੇਂ:-

*ਮੇਰੀ ਹਰਿਆਵਲ ਫੂਕ ਕੇ,*
*ਕਿਸੇ ਥਲ ਉੱਤੇ ਵਰ ਗਿਉਂ,*
*ਦੇਹ 'ਚ ਹਨੇਰਾ ਕਰ ਗਿਉਂ,*
*ਕਬਰਾਂ 'ਤੇ ਦੀਵੇ ਧਰ ਗਿਉਂ। (ਪੰਨਾ-119)*

ਜਾਂ

*ਮੇਰੇ ਬਿਨ ਤੂੰ ਅਧੂਰਾ ਹੈ, ਤੇਰੇ ਬਿਨ ਮੈਂ ਅਧੂਰਾ ਹਾਂ,*
*ਵਿਚਾਲੇ ਜਲ ਵਹਿਣ ਹੈ,*
*ਹਵਾ ਦਾ ਵਗਦਾ ਸਮੁੰਦਰ ਹੈ,*
*ਅੱਗ ਦੀ ਸੀਤ ਨਦੀ ਹੈ,*
*ਮਿੱਟੀ ਦੀ ਮਹਿਕ 'ਚ ਘੁਲਿਆ ਆਸਮਾ ਹੈ। (ਪੰਨਾ-106)*

ਉਪਮਾ ਤੇ ਰੂਪਕ ਦੇ ਸਿਰਜੇ ਚਿੱਤਰਾਂ ਨੂੰ ਬਿੰਬ ਆਖਿਆ ਜਾਂਦਾ ਹੈ। ਬਿੰਬ ਜੋ ਕਾਵਿ ਨੂੰ ਕਲਾਤਮਕ ਉਚਾਈਆਂ ਤੱਕ ਪਹੁੰਚਾਉਂਦੇ ਹਨ। 'ਰੁੱਖ ਤੇ ਜੰਗਲ' ਵਿਚ ਵਿਭਿੰਨ ਬਿੰਬਾਂ ਦੀ ਬਾਖੂਬੀ ਵਰਤੋਂ ਹੋਈ ਮਿਲਦੀ ਹੈ। ਜਿਨ੍ਹਾਂ ਬਾਰੇ ਸੰਖੇਪ ਚਰਚਾ ਕੀਤੀ ਹੈ।
ਜਿੱਥੋਂ ਕਵੀ ਮਨ ਦੀਆਂ ਅੱਖਾਂ ਸਾਹਮਣੇ ਕੋਈ ਦ੍ਰਿਸ਼ ਅੰਕਿਤ ਕਰਦਾ ਹੈ। ਉੱਥੇ ਦ੍ਰਿਸ਼ ਬਿੰਬ ਦੀ ਸਿਰਜਣਾ ਹੁੰਦੀ ਹੈ। ਜਿਵੇਂ:-

*ਕਰੂੰਬਲਾਂ ਦਾ ਟਹਿਣੀ 'ਚੋਂ ਪੁੰਗਰਨਾ,*
*ਜੰਗਲ 'ਚੋਂ ਹਵਾ ਦਾ ਸ਼ੂਕਣਾ ਤੇ ਗੁਜ਼ਰਨਾ,*
*ਆਲ੍ਹਣੇ 'ਚੋਂ ਬੋਟਾਂ ਦੀਆਂ ਚੁੰਝਾਂ ਦੀ ਆਵਾਜ਼,*
*ਸੂਰਜ ਦਾ ਚੜ੍ਹਨਾ ਤੇ ਅਸਤ ਹੋਣਾ,*
*ਚੰਨ ਦੀ ਚਾਨਣੀ। (ਪੰਨਾ-73)*

ਨਾਦ ਬਿੰਬ ਵਿਚ ਸੁਣਨ ਇੰਦਰੀ ਹਰਕਤ ਵਿਚ ਆਈ ਮਹਿਸੂਸ ਹੁੰਦੀ ਹੈ, ਜਿਵੇਂ:

*ਸਰਘੀ ਵੇਲੇ ਦੀ ਬਾਣੀ,*
*ਠਾਕਰ ਦੁਆਰੇ ਤੇ ਮਸੀਤਾਂ ਮੰਦਿਰਾਂ 'ਚ,*
*ਸ਼ਹਿਰ ਦੇ ਕੰਨਾਂ 'ਚ ਪਏ। (ਪੰਨਾ-91)*

'ਗੰਧ ਬਿੰਬ' ਜਿਸਦਾ ਸਬੰਧ ਮਨੁੱਖ ਦੀ ਸੁੰਘਣ ਸ਼ਕਤੀ ਨਾਲ ਹੈ। ਜਿਵੇਂ:-

*ਤੂੰ ਮੇਰੇ ਲਈ ਵੱਗਦਾ ਦਰਿਆ ਨਹੀਂ,*
*ਛੱਪੜ ਦਾ ਗੰਧਲਾ ਜਲ ਬਣ ਕੇ ਰਹਿ ਗਿਉਂ। (ਪੰਨਾ-119)*

ਖੁੱਲ੍ਹੀ ਕਵਿਤਾ, ਛੰਦ ਬੱਧ ਕਵਿਤਾ ਵਿਚੋਂ ਇੱਕ 'ਮਿਉਟੇਸ਼ਨ' ਵਾਂਗ ਉਗਮੀ ਹੈ। ਖੁੱਲ੍ਹੀ ਕਵਿਤਾ ਦਾ ਕੋਈ ਮਾਪਦੰਡ ਨਹੀਂ ਹੁੰਦਾ। ਖੁੱਲ੍ਹੀ ਕਵਿਤਾ ਦਾ ਸਭ ਤੋਂ ਵੱਡਾ ਅਮੀਰ ਗੁਣ, ਇਹ ਹੈ ਕਿ ਇਹ ਛੰਦ ਤੇ ਲੈਅ ਬੱਧ ਹੁੰਦੀ ਹੈ। ਇਹ ਛੰਦ ਬੱਧ ਕਵਿਤਾ ਦੇ ਉੱਲਟ, ਬਾਹਰੋਂ ਨਹੀਂ ਸਗੋਂ ਅੰਦਰੋਂ ਪੈਦਾ ਹੁੰਦੀ ਹੈ। ਕਵੀ ਨੇ ਲੋਕ ਪੱਧਰ ਦੀ ਬੋਲੀ ਵਿਚ ਗੱਲ ਕੀਤੀ ਹੈ। ਕਵੀ ਨੇ 'ਰੁੱਖ ਤੇ ਜੰਗਲ' ਕਾਵਿ ਸੰਗ੍ਰਹਿ ਵਿਚ ਖੁੱਲ੍ਹੀ ਕਵਿਤਾ ਦੀ ਵਰਤੋਂ ਕੀਤੀ। ਭਾਵ ਕਿ ਖੁੱਲ੍ਹੀ ਕਵਿਤਾ ਰਚੀ ਹੈ।
ਇਸ ਸਾਰੀ ਚਰਚਾ ਨੂੰ ਸਮੇਟਦਿਆਂ ਹੋਏ ਆਖਿਆ ਜਾ ਸਕਦਾ ਹੈ ਕਿ ਚਰਨ ਸਿੰਘ ਇੱਕ ਉਤਕ੍ਰਿਸ਼ਟ ਸ਼ਾਇਰ ਹੈ। ਜਿਸਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਵਸਤੂ ਤੇ ਰੂਪ ਦਾ ਸੰਤੁਲਨ ਪੈਦਾ ਕੀਤਾ ਹੈ। ਉਹ ਅਜਿਹਾ ਸਫ਼ਲ ਕਵੀ ਹੈ ਜੋ ਆਪਣੇ ਭਾਵਾਂ ਨੂੰ ਸਹਿਜ ਰੂਪ ਦੇਣ ਲਈ ਕਾਵਿ ਰਚਨਾ ਵਿਚ ਸ਼ਬਦਾਂ ਨੂੰ ਨਗੀਨੇ ਵਾਂਗ ਸਜਾਉਣ ਦੇ ਸਮਰੱਥ ਹੈ। ਉਸ ਦੇ ਕਾਵਿ ਵਿਚ ਬਿੰਬ, ਪ੍ਰਤੀਕ, ਅਲੰਕਾਰ ਆਦਿ ਕਾਵਿ ਸੁੰਦਰਤਾ ਨੂੰ ਨਿਖਾਰਨ ਲਈ ਯੋਗ ਰੂਪ ਵਿਚ ਕਾਰਜਸ਼ੀਲ ਹਨ।

## ਪੁਸਤਕ ਸੂਚੀ


1. ਅਤਰ ਸਿੰਘ (ਡਾ.), ਸਮਦਰਸ਼ੀ, ਰਘਬੀਰ ਪ੍ਰਕਾਸ਼ਨ, ਅੰਮ੍ਰਿਤਸਰ, 1970.
2. ਆਸ਼ਾਨੰਦ ਵੋਹਰਾ (ਪ੍ਰੋ.), ਕਾਵਿ ਸਿਰਜਨ ਪ੍ਰਕ੍ਰਿਆ, ਗਿਆਨ ਜੋਤੀ ਪ੍ਰਕਾਸ਼ਨ, ਅੰਬਾਲਾ ਕੈਂਟ, 1972
3. ਸਤਿੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1990 (ਪਹਿਲਾ ਸੰਸਕਰਣ)
4. ਸੁਤਿੰਦਰ ਸਿੰਘ ਨੂਰ (ਡਾ.), ਕਵਿਤਾ ਅਕਵਿਤਾ ਚਿੰਤਨ, ਪੰਜਾਬੀ ਭਵਨ, ਲੁਧਿਆਣਾ, 2003
5. ਚਰਨ ਸਿੰਘ, ਰੁੱਖ ਤੇ ਜੰਗਲ, ਕੁਕਨੁਸ ਪ੍ਰਕਾਸ਼ਨ, ਜਲੰਧਰ, 2008.
6. ਜਸਵਿੰਦਰ ਸਿੰਘ (ਡਾ.), ਨਵੀਂ ਪੰਜਾਬੀ ਕਵਿਤਾ: ਪਛਾਣ-ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011.
7. ਟੀ. ਆਰ. ਵਿਨੋਦ, ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004.
8. ਪ੍ਰੇਮ ਪ੍ਰਕਾਸ਼, ਭਾਰਤੀ ਕਾਵਿ-ਸ਼ਾਸ਼ਤ੍ਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1988.
9. ਰੋਸ਼ਨ ਲਾਲ ਆਹੂਜਾ (ਡਾ.) ਸਾਹਿੱਤ ਸ਼ਾਸਤਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1986.